# California ਅਦਾਲਤੀ ਦੁਭਾਸ਼ੀਆ ਸ਼ਿਕਾਇਤ ਫਾਰਮ ਅਤੇ ਹਿਦਾਇਤਾਂ

ਜੇ California ਦੇ ਕਿਸੇ ਪ੍ਰਮਾਣਿਤ ਜਾਂ ਪੰਜੀਕ੍ਰਿਤ ਅਦਾਲਤੀ ਦੁਭਾਸ਼ੀਏ ਦੁਆਰਾ ਨੈਤਿਕ ਮਿਆਰਾਂ ਦੀ ਉਲੰਘਣਾ ਜਾਂ ਦੁਰਵਿਵਹਾਰ ਦੇ ਹੋਰ ਕਥਿਤ ਕਾਰਜਾਂ ਦੇ ਸਬੰਧ ਵਿੱਚ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਤੁਸੀਂ California ਅਦਾਲਤੀ ਦੁਭਾਸ਼ੀਆ ਸ਼ਿਕਾਇਤ ਫਾਰਮ ਭਰਕੇ California ਦੀ ਅਦਾਲਤ ਵਿੱਚ ਦੁਭਾਸ਼ੀਆ ਕਾਰਜਕ੍ਰਮ ਦੀ ਨਿਆਂਇਕ ਕਮੇਟੀ ਨੂੰ ਤੁਹਾਡੀ ਸ਼ਿਕਾਇਤ ਦੀ ਸਮੀਖਿਆ ਕਰਨ ਲਈ ਬੇਨਤੀ ਕਰ ਸਕਦੇ ਹੋ।

ਇਹ ਫਾਰਮ California ਅਦਾਲਤ ਦੀ ਵੈੱਬਸਾਈਟ 'ਤੇ ਅਦਾਲਤੀ ਦੁਭਾਸ਼ੀਆ ਕਾਰਜਕ੍ਰਮ ਸ਼ਿਕਾਇਤ ਫਾਰਮ ਪੰਨੇ ਆਨਲਾਈਨ ਉਪਲਬਧ ਹੈ: http://www.courts.ca.gov/interpreter_complaint_form.htm.

ਤੁਸੀਂ ਸ਼ਿਕਾਇਤ ਦਰਜ ਕਰਵਾਉਣ ਲਈ ਭਰੇ ਹੋਏ ਫਾਰਮ ਅਤੇ ਕੋਈ ਵੀ ਸਹਾਇਕ ਦਸਤਾਵੇਜ਼ ਨੂੰ ਅੱਗੇ ਦਿੱਤੇ ਪਤੇ 'ਤੇ ਈਮੇਲ ਕਰ ਸਕਦੇ ਹੋ: credreview@jud.ca.gov ਜਾਂ ਆਪਣੇ ਫਾਰਮ ਅਤੇ ਦਸਤਾਵੇਜ਼ ਦਾ ਪ੍ਰਿੰਟ ਲੈ ਕੇ ਅਤੇ ਇਹਨਾ ਨੂੰ ਅੱਗੇ ਦਿੱਤੇ ਪਤੇ 'ਤੇ ਡਾਕ ਰਾਹੀਂ ਭੇਜ ਸਕਦੇ ਹੋ:

Judicial Council of California
Court Interpreters Program
455 Golden Gate Avenue
San Francisco, CA 94102-3688

**ਕਿਰਪਾ ਕਰਕੇ ਧਿਆਨ ਦਿਓ: ਕਥਿਤ ਦੁਰਵਿਵਹਾਰ ਦੀ ਤਾਰੀਖ਼ ਤੋਂ 90 ਦਿਨ ਬਾਅਦ ਪ੍ਰਾਪਤ ਹੋਈਆਂ, ਇੱਕ ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀਆਂ ਨੂੰ ਬੇਵਕਤੀ ਵਜੋਂ ਰੱਦ ਕੀਤਾ ਜਾ ਸਕਦਾ ਹੈ।**

## ਭਾਸ਼ਾ ਸੇਵਾਵਾਂ:

ਜੇ ਸਾਡੇ ਨਾਲ ਗੱਲਬਾਤ ਕਰਨ ਲਈ ਤੁਹਾਨੂੰ ਅਨੁਵਾਦ ਜਾਂ ਦੁਭਾਸ਼ੀਆ ਸੇਵਾਵਾਂ ਦੀ ਲੋੜ ਹੈ, ਤਾਂ California ਅਦਾਲਤੀ ਦੁਭਾਸ਼ੀਆ ਸ਼ਿਕਾਇਤ ਫਾਰਮ 'ਤੇ ਕਿਰਪਾ ਕਰਕੇ ਦੱਸੋ ਕਿ ਤੁਹਾਨੂੰ ਕਿਸ ਭਾਸ਼ਾ ਵਿੱਚ ਅਤੇ ਕਿਸ ਚੀਜ਼ ਦੀ ਲੋੜ ਹੈ। ਕਿਰਪਾ ਕਰਕੇ ਧਿਆਨ ਦਿਓ: ਤੁਹਾਡੀ ਸ਼ਿਕਾਇਤ 'ਤੇ ਪ੍ਰਕਿਰਿਆ ਕਰਨ ਲਈ ਅਨੁਵਾਦ ਸੇਵਾਵਾਂ, ਤੁਹਾਡੇ ਨਾਲ ਸਾਡੇ ਸੰਚਾਰਾਂ ਵਿੱਚ ਦੇਰੀ ਕਰ ਸਕਦੀਆਂ ਹਨ।

## ਅੱਗੇ ਵਧਣ ਤੋਂ ਪਹਿਲਾਂ:

ਕਿਸੇ ਅਦਾਲਤ ਦੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਮਿਆਰਾਂ ਬਾਰੇ ਜਾਣਕਾਰੀ ਵਾਸਤੇ *California ਅਦਾਲਤ ਦੇ ਦੁਭਾਸ਼ੀਏ ਦੀ ਪਛਾਣ-ਪੱਤਰ ਦੀ ਸਮੀਖਿਆ ਪ੍ਰਕਿਰਿਆਵਾਂ* ਨੂੰ ਪੜ੍ਹੋ। (ਭਾਗ C ਦੇਖੋ: *ਦੁਭਾਸ਼ੀਆ ਦੇ ਪ੍ਰਮਾਣ ਪੱਤਰਾਂ 'ਤੇ ਮਨਜ਼ੂਰੀ ਲਈ ਆਧਾਰ*।) ਇਹ ਪ੍ਰਕਿਰਿਆਵਾਂ ਇੱਥੇ ਉਪਲਬਧ ਹਨ: https://www.courts.ca.gov/documents/CIP_CRProcedures.pdf

## ਫਾਰਮ ਬਾਰੇ ਹਿਦਾਇਤਾਂ:

- ਜੇ ਫਾਰਮ 'ਤੇ ਬੇਨਤੀ ਕੀਤੀ ਗਈ ਜਾਣਕਾਰੀ ਵਿੱਚੋਂ ਕੋਈ ਵੀ ਲਾਗੂ ਨਹੀਂ ਹੁੰਦੀ, ਤਾਂ N/A ਜਾਂ ਲਾਗੂ ਨਹੀਂ ਹੁੰਦਾ (Not Applicable), ਲਿਖੋ।
- ਨਿਆਂਇਕ ਕਮੇਟੀ ਨੂੰ ਭੇਜਣ ਲਈ ਆਪਣੇ ਫਾਰਮਾਂ ਅਤੇ ਦਸਤਾਵੇਜ਼ਾਂ ਦੀਆਂ ਨਕਲਾਂ ਬਣਾਓ। ਅਸਲ ਆਪਣੇ ਕੋਲ ਸੰਭਾਲ ਕੇ ਰੱਖੋ।
- ਤੁਹਾਡੇ ਵੱਲੋਂ ਦਾਇਰ ਕੀਤੇ ਗਏ ਦਸਤਾਵੇਜ਼ ਨਿਆਂਇਕ ਕਮੇਟੀ ਦੇ ਅਦਾਲਤੀ ਦੁਭਾਸ਼ੀਏ ਕਾਰਜਕ੍ਰਮ ਦੀ ਮਲਕੀਅਤ ਬਣ ਜਾਂਦੇ ਹਨ।

### ਭਾਗ I. ਸੰਪਰਕ ਜਾਣਕਾਰੀ

- ਆਪਣੀ ਸੰਪਰਕ ਜਾਣਕਾਰੀ ਦਿਓ, ਜਿਸ ਵਿੱਚ ਤੁਹਾਡਾ ਪੂਰਾ ਨਾਮ; ਪਤਾ; ਜ਼ਿਪ ਕੋਡ; ਈਮੇਲ ਪਤਾ (ਜੇ ਤੁਹਾਡੇ ਕੋਲ ਹੈ); ਅਤੇ ਟੈਲੀਫੋਨ ਨੰਬਰ ਸ਼ਾਮਿਲ ਹੈ।
- ਸਾਨੂੰ ਤੁਹਾਡੀ ਮੁੱਢਲੀ ਭਾਸ਼ਾ ਬਾਰੇ ਦੱਸੋ ਤਾਂ ਜੋ ਅਸੀਂ ਤੁਹਾਡੇ ਨਾਲ ਉਚਿਤ ਤਰੀਕੇ ਨਾਲ ਸੰਚਾਰ ਕਰ ਸਕੀਏ।

### ਭਾਗ II. ਅਦਾਲਤੀ ਦੁਭਾਸ਼ੀਏ ਬਾਰੇ ਜਾਣਕਾਰੀ

- ਉਸ ਦੁਭਾਸ਼ੀਏ ਦਾ ਪੂਰਾ ਨਾਮ ਅਤੇ ਬੈਜ ਨੰਬਰ (ਜੇ ਉਪਲਬਧ ਹੈ) ਪ੍ਰਦਾਨ ਕਰੋ ਜਿਸ ਬਾਰੇ ਤੁਸੀਂ ਸ਼ਿਕਾਇਤ ਦਰਜ਼ ਕਰ ਰਹੇ ਹੋ।

### ਭਾਗ III. ਘਟਨਾ ਬਾਰੇ ਜਾਣਕਾਰੀ

- ਸਾਨੂੰ ਘਟਨਾ ਦੀ ਤਾਰੀਖ਼ ਅਤੇ ਸਮਾਂ, ਅਤੇ ਅਦਾਲਤ ਦਾ ਨਾਮ ਅਤੇ ਪਤਾ ਜਾਂ ਕਿਸੇ ਹੋਰ ਟਿਕਾਣੇ ਬਾਰੇ ਦੱਸੋ ਜਿੱਥੇ ਦੁਰਵਿਵਹਾਰ ਦਾ ਦੋਸ਼ ਲਾਇਆ ਗਿਆ ਸੀ।
- ਜੇ ਘਟਨਾ ਕਿਸੇ ਅਦਾਲਤੀ ਸੁਣਵਾਈ ਦੌਰਾਨ ਵਾਪਰੀ ਹੈ, ਤਾਂ ਜੇ ਉਪਲੱਬਧ ਹੈ ਤਾਂ ਅਦਾਲਤ ਦਾ ਕੇਸ ਨੰਬਰ ਦਿਓ।

### ਭਾਗ IV. ਕੀ ਹੋਇਆ ਸੀ?

- ਸਾਨੂੰ ਵੱਧ ਤੋਂ ਵੱਧ ਸੰਭਵ ਵਿਸਥਾਰ ਵਿੱਚ ਦੱਸੋ ਕਿ ਕੀ ਕੁਝ ਹੋਇਆ ਸੀ, ਜਿਸ ਵਿੱਚ ਇਹ ਵੀ ਸ਼ਾਮਿਲ ਹਨ
    - ਤੁਸੀਂ ਆਪਣੇ ਸ਼ਬਦਾਂ ਵਿੱਚ, ਦਿੱਤੀ ਗਈ ਖਾਲੀ ਥਾਂ ਵਿੱਚ, ਇਹ ਵਰਣਨ ਕਰੋ ਕਿ ਦੁਭਾਸ਼ੀਏ ਨੇ ਕੀ ਕੀਤਾ ਜਾਂ ਕੀ ਕਰਨ ਵਿੱਚ ਅਸਫਲ ਰਿਹਾ।
    - ਇਹ ਵਰਣਨ ਕਰੋ ਕਿ ਤੁਹਾਨੂੰ ਅਜਿਹਾ ਕਿਉਂ ਲੱਗਦਾ ਹੈ ਕਿ ਦੁਭਾਸ਼ੀਏ ਦੀਆਂ ਕਾਰਵਾਈਆਂ ਦੁਭਾਸ਼ੀਏ ਦੇ ਪ੍ਰਮਾਣ-ਪੱਤਰ/ਲਾਇਸੰਸ ਦੀ ਸਮੀਖਿਆ ਦੀ ਮੰਗ ਕਰ ਸਕਦੀਆਂ ਹਨ।
    - ਜੇ ਉੱਥੇ ਕੋਈ ਗਵਾਹ ਸਨ, ਤਾਂ ਉਹਨਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਦਿਓ।

- ਕੋਈ ਵੀ ਦਸਤਾਵੇਜ਼ ਨੱਥੀ ਕਰੋ ਜੋ ਜਾਂਚ ਵਿੱਚ ਮਦਦ ਕਰਨਗੇ, ਜੇਕਰ ਉਹਨਾ ਦੀ ਲੋੜ ਪੈਂਦੀ ਹੈ।

**ਭਾਗ V. ਤਾਰੀਖ਼ ਅਤੇ ਦਸਤਖਤ**

- ਫਾਰਮ ਉੱਤੇ ਤਾਰੀਖ਼ ਲਿਖੋ ਅਤੇ ਦਸਤਖਤ ਕਰੋ। (ਬਿਨਾਂ ਦਸਤਖਤ ਕੀਤੇ ਫਾਰਮਾਂ ਨੂੰ ਰੱਦ ਕਰ ਦਿੱਤਾ ਜਾਵੇਗਾ।)

## ਇਸ ਤੋਂ ਬਾਅਦ ਤੁਸੀਂ ਆਪਣੇ California ਅਦਾਲਤੀ ਦੁਭਾਸ਼ੀਆ ਸ਼ਿਕਾਇਤ ਫਾਰਮ ਜਮ੍ਹਾ ਕਰਵਾ ਦਿਓ:

ਅਦਾਲਤੀ ਦੁਭਾਸ਼ੀਆ ਕਾਰਜਕ੍ਰਮ ਦਾ ਅਮਲਾ ਤੁਹਾਡੀ ਬੇਨਤੀ ਦੀ ਸਮੀਖਿਆ ਕਰੇਗਾ ਅਤੇ **ਬੇਨਤੀ ਪ੍ਰਾਪਤ ਹੋਣ ਦੇ 45 ਦਿਨਾਂ ਦੇ ਅੰਦਰ** ਤੁਹਾਨੂੰ ਲਿਖਤੀ ਰੂਪ ਵਿੱਚ ਇਸ ਬਾਰੇ ਸੂਚਿਤ ਕਰੇਗਾ ਕਿ ਤੁਹਾਡੀ ਬੇਨਤੀ ਦੇ ਸਬੰਧ ਵਿੱਚ ਕੀ ਫੈਸਲਾ ਕੀਤਾ ਗਿਆ ਹੈ ਅਤੇ ਕੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਤੁਹਾਨੂੰ ਹੋਰ ਜਾਣਕਾਰੀ ਦੇਣ ਲਈ ਕਿਹਾ ਜਾ ਸਕਦਾ ਹੈ

# California ਅਦਾਲਤੀ ਦੁਭਾਸ਼ੀਆ ਸ਼ਿਕਾਇਤ ਫਾਰਮ

## ਭਾਗ I. ਸੰਪਰਕ ਜਾਣਕਾਰੀ

ਸ਼ਿਕਾਇਤਕਰਤਾ ਦਾ ਨਾਮ: ______________________________

ਪਹਿਲਾ ਵਿਚਕਾਰਲਾ ਆਖਰੀ

ਜੇ ਤੁਸੀਂ ਸ਼ਿਕਾਇਤ ਕਰਨ ਵਾਲੇ ਕਿਸੇ ਹੋਰ ਵਿਅਕਤੀ ਦੇ ਪ੍ਰਤੀਨਿਧ ਵਜੋਂ ਇਸ ਫਾਰਮ ਨੂੰ ਭਰ ਰਹੇ ਹੋ, ਤਾਂ ਇਸ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ: ☐

ਤੁਹਾਡਾ ਨਾਮ: ______________________________

ਜੇ ਤੁਸੀਂ ਕਿਸੇ California ਪ੍ਰਾਂਤ ਦੀ ਅਦਾਲਤ ਜਾਂ ਕਿਸੇ ਹੋਰ ਸੰਸਥਾ (ਪ੍ਰਾਂਤਕੀ ਜਾਂ ਸੰਘੀ ਅਦਾਰੇ ਜਾਂ ਕਾਰੋਬਾਰ) ਦੀ ਪ੍ਰਤੀਨਿਧਤਾ ਕਰ ਰਹੇ ਹੋ, ਤਾਂ ਉਸ ਅਦਾਲਤ ਜਾਂ ਸੰਸਥਾ ਦਾ ਨਾਮ ਪ੍ਰਦਾਨ ਕਰੋ ਜਿਸਦੀ ਤੁਸੀਂ ਪ੍ਰਤੀਨਿਧਤਾ ਕਰ ਰਹੇ ਹੋ:

______________________________

ਗਲੀ ਦਾ ਪਤਾ: ______________________________

ਸ਼ਹਿਰ, ਰਾਜ, ਜ਼ਿੱਪ ਕੋਡ: ______________________________

ਈਮੇਲ ਪਤਾ: ______________________________

ਪ੍ਰਾਈਮਰੀ ਟੈਲੀਫੋਨ ਨੰਬਰ: ਘਰ: ______________ ਮੋਬਾਇਲ: ______________

ਤੁਹਾਡੀ ਮੁੱਢਲੀ ਭਾਸ਼ਾ: ______________________________

ਕੀ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੀ ਮੁੱਢਲੀ ਭਾਸ਼ਾ ਵਿੱਚ ਤੁਹਾਡੇ ਨਾਲ ਸੰਚਾਰ ਕਰੀਏ? ਹਾਂ ☐ ਨਹੀਂ ☐

## ਭਾਗ II. ਅਦਾਲਤੀ ਦੁਭਾਸ਼ੀਏ ਬਾਰੇ ਜਾਣਕਾਰੀ

ਦੁਭਾਸ਼ੀਏ ਦਾ ਨਾਮ: ______________________________

ਦੁਭਾਸ਼ੀਏ ਦਾ ਬੈਜ ਨੰਬਰ (ਜੇਕਰ ਜਾਣਦੇ ਹੋ, ਤਾਂ): ______________________________

## ਭਾਗ III. ਘਟਨਾ ਬਾਰੇ ਜਾਣਕਾਰੀ

ਘਟਨਾ ਦੀ ਤਾਰੀਖ਼: ______________________________

ਘਟਨਾ ਦਾ ਸਮਾਂ: ______________________________

ਇਹ ਘਟਨਾ ਕਿੱਥੇ ਵਾਪਰੀ? ______________________________

ਗਲੀ ਦਾ ਪਤਾ (ਜੇਕਰ ਜਾਣਦੇ ਹੋ): ______________________________

ਸ਼ਹਿਰ, ਰਾਜ, ਜ਼ਿੱਪ ਕੋਡ: ______________________________

ਕੀ ਦੁਭਾਸ਼ੀਏ ਦਾ ਵਿਵਹਾਰ ਤੁਹਾਡੇ ਅਦਾਲਤੀ ਮੁਕੱਦਮੇ ਦੇ ਹਿੱਸੇ ਵਜੋਂ ਵਾਪਰਿਆ ਸੀ? ਹਾਂ ☐ ਨਹੀਂ ☐

ਜੇਕਰ ਹਾਂ, ਤਾਂ ਤੁਹਾਡੇ ਅਦਾਲਤੀ ਮੁਕੱਦਮੇ ਦਾ ਨੰਬਰ ਕੀ ਹੈ (ਜੇਕਰ ਜਾਣਦੇ ਹੋ ਤਾਂ): ______________________________

## ਭਾਗ IV. ਕੀ ਹੋਇਆ ਸੀ?

ਤੁਸੀਂ ਆਪਣੇ ਸ਼ਬਦਾਂ ਵਿੱਚ ਅਤੇ ਵੱਧ ਤੋਂ ਵੱਧ ਵਿਸਥਾਰ ਵਿੱਚ, ਦੁਭਾਸ਼ੀਏ ਦੇ ਉਸ ਵਿਵਹਾਰ ਦਾ ਵਰਣਨ ਕਰੋ ਜਿਸ ਵਾਸਤੇ *California ਅਦਾਲਤ ਦੁਭਾਸ਼ੀਆ ਪ੍ਰਮਾਣ-ਪੱਤਰ ਸਮੀਖਿਆ ਪ੍ਰਕਿਰਿਆਵਾਂ* ਵਿੱਚ ਵਰਣਨ ਕੀਤੀਆਂ ਸ਼ਰਤਾਂ ਤਹਿਤ ਦੁਭਾਸ਼ੀਏ ਦੇ ਪ੍ਰਮਾਣ-ਪੱਤਰ/ਲਾਇਸੰਸ ਦੀ ਸਮੀਖਿਆ ਦੀ ਲੋੜ ਹੈ ਜੋ ਕਿ ਇੱਥੇ ਉਪਲਬਧ ਹੈ:
https://www.courts.ca.gov/documents/CIP_CRProcedures.pdf

ਜੇ ਤੁਹਾਨੂੰ ਲਿਖਣ ਲਈ ਵਧੇਰੇ ਜਗ੍ਹਾ ਚਾਹੀਦੀ ਹੈ, ਤਾਂ ਕਾਗਜ਼ ਦੀ ਇੱਕ ਸ਼ੀਟ ਨੱਥੀ ਕਰੋ ਅਤੇ ਇਸ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ: ☐

ਕੀ ਇਸ ਘਟਨਾ ਦੇ ਕੋਈ ਗਵਾਹ ਸਨ? ਹਾਂ ☐ ਨਹੀਂ ☐

ਜੇ ਹਾਂ, ਤਾਂ ਕਿਰਪਾ ਕਰਕੇ ਉਹਨਾਂ ਦੇ ਨਾਵਾਂ ਅਤੇ ਕਿਸੇ ਵੀ ਅਜਿਹੀ ਸੰਪਰਕ ਜਾਣਕਾਰੀ ਦੀ ਸੂਚੀ ਦਿਓ ਜੋ ਤੁਹਾਡੇ ਕੋਲ ਹੋ ਸਕਦੀ ਹੈ। ਜੇ ਤੁਹਾਨੂੰ ਲਿਖਣ ਲਈ ਵਧੇਰੇ ਜਗ੍ਹਾ ਚਾਹੀਦੀ ਹੈ, ਤਾਂ ਕਾਗਜ਼ ਦੀ ਇੱਕ ਸ਼ੀਟ ਨੱਥੀ ਕਰੋ ਅਤੇ ਇਸ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ: ☐

ਗਵਾਹ ਦਾ ਨਾਮ: ______________________ ਟੈਲੀਫੋਨ ਨੰਬਰ: ______________

ਹੋਰ ਕੋਈ ਸੰਪਰਕ ਜਾਣਕਾਰੀ (ਜਿਵੇਂ ਈਮੇਲ, ਪਤਾ ਵਗੈਰਾ): ______________________

ਗਵਾਹ ਦਾ ਨਾਮ: ______________________ ਟੈਲੀਫੋਨ ਨੰਬਰ: ______________

ਹੋਰ ਕੋਈ ਸੰਪਰਕ ਜਾਣਕਾਰੀ (ਜਿਵੇਂ ਈਮੇਲ, ਪਤਾ ਵਗੈਰਾ): ______________________

ਕਿਰਪਾ ਕਰਕੇ ਤੁਸੀਂ ਆਪਣੀ ਬੇਨਤੀ ਦਾ ਸਮਰਥਨ ਕਰਨ ਲਈ ਅਤੇ ਇਹ ਸੂਚੀਬੱਧ ਕਰਨ ਲਈ ਕਿ ਇਹ ਕੀ ਹਨ, ਤੁਹਾਡੇ ਕੋਲ ਕੋਈ ਵੀ ਦਸਤਾਵੇਜ਼ ਜਾਂ ਹੋਰ ਸਬੂਤ ਨੱਥੀ ਕਰੋ। ਜੇ ਤੁਹਾਨੂੰ ਲਿਖਣ ਲਈ ਵਧੇਰੇ ਜਗ੍ਹਾ ਚਾਹੀਦੀ ਹੈ, ਤਾਂ ਕਾਗਜ਼ ਦੀ ਇੱਕ ਸ਼ੀਟ ਨੱਥੀ ਕਰੋ ਅਤੇ ਇਸ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ: ☐

1. ______________________________________________

2. ______________________________________________

3. ______________________________________________

## ਭਾਗ V. ਤਾਰੀਖ਼ ਅਤੇ ਦਸਤਖਤ

**California ਪ੍ਰਾਂਤ ਦੇ ਕਨੂੰਨਾਂ ਤਹਿਤ, ਝੂਠੀ ਗਵਾਹੀ ਦੇਣ ਦੇ ਹਰਜਾਨੇ ਤਹਿਤ, ਮੈਂ ਇਹ ਘੋਸ਼ਣਾ ਕਰਦਾ/ਦੀ ਹਾਂ ਕਿ ਮੇਰੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਮੇਰੇ ਸਰਵੋਤਮ ਗਿਆਨ ਅਤੇ ਵਿਸ਼ਵਾਸ਼ ਅਨੁਸਾਰ ਸੱਚੀ ਅਤੇ ਸਹੀ ਹੈ।**

ਤਾਰੀਖ਼: ______________________

______________________ ______________________
ਆਪਣਾ ਨਾਮ ਸਾਫ ਅਤੇ ਵੱਡੇ ਅੱਖਰਾਂ ਵਿੱਚ ਲਿਖੋ ਆਪਣੇ ਨਾਮ ਦੇ ਦਸਤਖਤ ਕਰੋ

**ਇਸ ਨੂੰ ਨਾ ਭਰੋ – ਇਹ ਕੇਵਲ ਮੁਕੱਦਮੇ ਵਾਲੀਆਂ ਅਦਾਲਤਾਂ ਲਈ ਹੈ:**

The Superior Court of California, County of ______________________________________;

1. The interpreter who is subject to this complaint is a ☐ court employee ☐ independent contractor.
2. We concluded the investigation into the allegations contained in this request for review on

   ______________________________.
3. We did not investigate the allegations in this complaint and request that the Judicial Council conduct a review of the complaint. ☐

**Court Representative Making Referral to the Judicial Council:**

Name: ______________________________________________________________

Title: ______________________________________________________________

Telephone Number: ____________________________________________________

Email: ______________________________________________________________

Street Address: _______________________________________________________

City, State, Zip Code: __________________________________________________